pstcl **ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**

(ਰਜਿ.ਦਫ਼ਤਰ: ਪੀ.ਐਸ.ਈ.ਬੀ, ਹੈਡ ਆਫਿਸ, ਮਾਲ ਰੋਡ, ਪਟਿਆਲਾ-147001, ਪੰਜਾਬ, ਭਾਰਤ)

ਕਾਰਪੋਰੇਟ ਆਈ.ਡੀ ਨੰ:: **U40109PB2010SGC033814**

ਦਫ: ਉਪ ਮੁੱਖ ਇੰਜੀ./ਐਚ.ਆਰ. ਅਤੇ ਪ੍ਰਬੰਧਕੀ, ਪੀ. ਐਸ. ਟੀ. ਸੀ. ਐਲ.,ਪਟਿਆਲਾ

ਫੋਨ ਨੰ:0175-2970693 ਈ.ਮੇਲ se-admin@pstcl.org ਵੈਬਸਾਇਟ :www.pstcl.org

ਵੱਲ

1. ਪ੍ਰਮੁੱਖ ਇੰਜੀ:/ਟੀ.ਐਸ., ਪੀ.ਐਸ.ਟੀ.ਸੀ.ਐਲ. ਪਟਿਆਲਾ।
2. ਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
3. ਮੁੱਖ ਇੰਜੀ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਅਬਲੋਵਾਲ।
4. ਸਮੂਹ ਉਪ ਮੁੱਖ ਇੰਜੀ:/ਨਿਗਰਾਨ ਇੰਜੀ: ਅਧੀਨ ਪੀ.ਐਸ.ਟੀ.ਸੀ.ਐਲ।

ਮੀਮੋ ਨੰ: 591/94 ਮਿਤੀ: 20/01/25

ਵਿਸ਼ਾ: ਤਕਨੀਕੀ ਕਰਮਚਾਰੀਆਂ ਦੇ ਬਦਲੀ/ਤੈਨਾਤੀ ਸੰਬੰਧੀ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਤੇ ਅਪਲੋਡ ਕਰਨ ਸੰਬੰਧੀ।

ਹਵਾਲਾ:- ਇਸ ਦਫਤਰ ਦਾ ਮੀਮੋ ਨੰ: 4834 ਮਿਤੀ 20.04.2021 ਅਤੇ ਮੀਮੋ ਨੰ: 15947/50 ਮਿਤੀ 03.08.2022

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਦਰਸਾਏ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਦਫਤਰੀ ਹੁਕਮ ਨੰ: 304 ਮਿਤੀ 16.05.2017 ਅਤੇ ਦਫਤਰੀ ਹੁਕਮ ਨੰ: 485 ਮਿਤੀ 18.07.2019 ਰਾਹੀ ਏ.ਏ.ਈ ਅਤੇ ਉਸ ਤੋ ਹੇਠਲੇ ਰੈਂਕ ਦੇ ਤਕਨੀਕੀ ਕੇਡਰ ਦੇ ਕਰਮਚਾਰੀਆਂ ਦੀਆਂ ਉਹਨਾਂ ਦੀ ਸੰਸਥਾ ਅਧੀਨ ਬਦਲੀਆਂ ਦੀ ਪਾਵਰ ਮੁੱਖ ਇੰਜੀਨੀਅਰਜ਼/ਉਪ ਮੁੱਖ ਇੰਜੀਨੀਅਰਜ਼ ਨੂੰ ਦਿੱਤੀ ਗਈ ਹੈ।

ਉਕਤ ਦਫਤਰੀ ਹੁਕਮਾਂ ਰਾਹੀਂ ਦਿੱਤੀਆਂ ਗਈਆਂ ਪਾਵਰਾਂ ਦੀ ਵਰਤੋ ਕਰਦੇ ਹੋਏ ਮੁੱਖ ਇੰਜੀਨੀਅਰਜ਼/ਉਪ ਮੁੱਖ ਇੰਜੀਨੀਅਰਜ਼ ਵੱਲੋ ਆਪਣੀ ਸੰਸਥਾ ਅਧੀਨ ਕਰਮਚਾਰੀਆਂ ਦੀ ਬਦਲੀਆਂ/ਤੈਨਾਤੀਆਂ ਦੇ ਦਫਤਰੀ ਹੁਕਮ ਜਾਰੀ ਕੀਤੇ ਜਾਂਦੇ ਹਨ। ਪ੍ਰੰਤੂ ਸਾਰੇ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਤੇ ਅਪਲੋਡ ਨਹੀਂ ਕੀਤੇ ਜਾ ਰਹੇ ਹਨ। ਜਿਸ ਕਰਕੇ ਇਸ ਦਫਤਰ ਵਿੱਚ ਉਪਲੱਬਧ ਕਰਮਚਾਰੀਆਂ ਦੇ ਮੌਜੂਦਾ ਤੈਨਾਤੀ ਸਥਾਨ ਸਬੰਧੀ ਡਾਟਾ ਫੀਲਡ ਦਫਤਰਾਂ ਦੇ ਡਾਟੇ ਨਾਲ ਮੇਲ ਨਹੀਂ ਖਾਂਦਾ ਇਸ ਲਈ ਉੱਚ ਅਧਿਕਾਰੀਆਂ ਨੂੰ ਵਕੈਂਸੀ ਸਬੰਧੀ ਤਾਜਾ ਸਥਿਤੀ ਮਹੁੱਈਆ ਕਰਵਾਉਣ ਵਿੱਚ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ।

ਉਪਰੋਕਤ ਦੇ ਮੱਦੇਨਜਰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਦਫਤਰ ਵੱਲੋਂ ਬਦਲੀ/ਤੈਨਾਤੀ ਦੇ ਕੀਤੇ ਜਾਣ ਵਾਲੇ ਸਾਰੇ ਦਫਤਰੀ ਹੁਕਮ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜ਼ੋ ਇਸ ਸੈਕਸ਼ਨ ਵਿਖੇ ਕਰਮਚਾਰੀਆਂ ਦੀ ਤਾਜਾ ਤੈਨਾਤੀ ਸਥਾਨ ਸਮੇਂ ਸਿਰ ਅਪਡੇਟ ਕੀਤਾ ਜਾ ਸਕੇ ਅਤੇ ਵਕੈਂਸੀ ਮੈਨਟੇਨ ਕੀਤੀ ਜਾ ਸਕੇ ਜੀ। ਇਹਨਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਇਸ ਦਫਤਰ ਵਿਖੇ ਉਪਲੱਬਧ ਰਿਕਾਰਡ ਅਨੁਸਾਰ ਬਦਲੀ/ਤੈਨਾਤੀ ਦੇ ਹੁਕਮ ਜਾਰੀ ਕਰ ਦਿੱਤੇ ਜਾਣਗੇ , ਜਿਸ ਦੀ ਜਿਮੇਵਾਰੀ ਸਬੰਧਤ ਦਫਤਰ ਦੀ ਹੋਵੇਗੀ।

ਉੱਚ ਅਧਿਕਾਰੀਆ ਦੇ ਚਾਹੇ ਅਨੁਸਾਰ ਇਹਨਾਂ ਹਦਾਇਤਾਂ ਦੀ ਪਾਲਣਾ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ ਜੀ।

ਉਪ ਮੁੱਖ ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ